# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਵਾਰਡ ਨੰ: 37 ਦੇ ਕੌਂਸਲਰ ਸੁਦਰਸ਼ਨ ਧੀਰ ਦੀ ਮੰਗ ਨੂੰ ਪੂਰਾ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ.........ਮੇਅਰ ਸ਼ਿਵ ਸੂਦ

ਹੁਸ਼ਿਆਰਪੁਰ 24 ਮਈ ਸੁਖੀਆਬਾਦ, ਨਿਊ ਸੁਖੀਆਬਾਦ ਅਤੇ ਭਵਾਨੀ ਨਗਰ ਦੇ ਵਾਸੀਆਂ ਅਤੇ ਬਾਬਾ ਬਾਲਕ ਨਾਥ ਮੰਦਰ ਨੂੰ ਜਾਣ ਵਾਲੇ ਯਾਤਰੀਆਂ ਨੂੰ ਭੰਗੀ ਚੋਅ ਤੇ ਬਣੀ ਸੜਕ ਨੂੰ ਪਾਰ ਕਰਨ ਲਈ ਆ ਰਹੀ ਮੁਸ਼ਕਿਲ ਨੂੰ ਦੇਖਦੇ ਹੋਏ ਇਹਨਾਂ ਮੁਹੱਲਿਆਂ ਦੇ ਵਾਸੀਆਂ ਦੀ ਸਹੂਲਤ ਲਈ ਭੰਗੀ ਚੋਅ ਦੇ ਕਾਜਵੇਅ ਦੇ ਨਜਦੀਕ ਬਣੀ ਪੁਲੀ ਦੇ ਹੇਠਾਂ ਇਹਨਾਂ ਲੋਕਾਂ ਦੀ ਆਵਾਜਾਈ ਲਈ ਇੰਟਰਲੋਕਿੰਗ ਟਾਈਲਾਂ ਲਗਾ ਕੇ ਪੱਕਾ ਬਣਾਉਣ ਦੀ ਵਾਰਡ ਨੰ: 37 ਦੇ ਕੌਂਸਲਰ ਸੁਦਰਸ਼ਨ ਧੀਰ ਨੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਬੇਨਤੀ ਕੀਤੀ ਜਿਸ ਤੇ ਮੇਅਰ ਸ਼ਿਵ ਸੂਦ ਨੇ ਮੌਕੇ ਤੇ ਜਾ ਕੇ ਨਿਰੀਖਣ ਕੀਤਾ। ਇਸ ਮੌਕੇ ਤੇ ਕੌਂਸਲਰ ਸੁਦਰਸ਼ਨ ਧੀਰ ਨੂੰ ਦੱਸਿਆ ਕਿ ਇਸ ਦੇ ਬਣਨ ਨਾਲ ਚੋਅ ਪਾਰ ਜਾਣ ਵਾਲੇ ਲੋਕਾਂ, ਬਾਬਾ ਬਾਲਕ ਨਾਥ ਮੰਦਰ ਨੂੰ ਜਾਣ ਵਾਲੇ ਯਾਤਰੀਆਂ ਅਤੇ ਸਕੂਲੀ ਬੱਚਿਆਂ ਨੂੰ ਕਾਫੀ ਸਹੂਲਤ ਮਿਲੇਗੀ ਕਿਉਂਕਿ ਚੋਅ ਤੇ ਬਣੀ ਸੜਕ ਤੇ ਟਰੈਫਿਕ ਕਾਫੀ ਵੱਧ ਗਈ ਹੈ ਜਿਸ ਕਾਰਨ ਸੜਕ ਨੂੰ ਪਾਰ ਕਰਨਾ ਮੁਸ਼ਕਿਲ ਹੈ ਅਤੇ ਹਾਦਸਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਇਸ ਸੜਕ ਦੀ ਪੁਲੀ ਦੀ ਸਫਾਈ ਕਰਵਾ ਕੇ ਪੱਕਾ ਬਣਾਇਆ ਜਾਵੇ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਮੌਕਾ ਦੇਖਣ ਉਪਰੰਤ ਕੌਂਸਲਰ ਸੁਦਰਸ਼ਨ ਧੀਰ ਨੂੰ ਭਰੋਸਾ ਦੁਆਇਆ ਕਿ ਲੋਕਾ ਦੀ ਸਹੂਲਤ ਨੂੰ ਦੇਖਦੇ ਹੋਏ ਉਹਨਾਂ ਵਲੋਂ ਕੀਤੀ ਗਈ ਇਸ ਮੰਗ ਨੂੰ ਪਹਿਲ ਦੇ ਅਧਾਰ ਤੇ ਪੂਰਾ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਕੌਂਸਲਰ ਬਲਵਿੰਦਰ ਬਿੰਦੀ ਅਤੇ ਵਿਨੋਦ ਪਰਮਾਰ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ।